## ਕਾਨੂੰਨ

**ਟਰੈਫਿਕਿੰਗ ਐਂਡ ਵਾਇਲੰਸ ਪ੍ਰੋਟੈਕਸ਼ਨ ਐਕਟ** (TVPA) ਨਾਲ ਟਰੈਫਿਕਿੰਗ ਤੋਂ ਬਚੇ ਹੋਏ (ਸਰਵਾਈਵਰ) ਯੂ.ਐਸ. ਵਿੱਚ ਘੱਟ ਤੋ ਘੱਟ *ਤਿੰਨ ਸਾਲਾ* ਤਕ ਰਹਿ ਸਕਦੇ ਹਨ, ਇਹ ਟਰੈਫਿਕਰਸ ਦਾ *ਜੁਰਮਾਨਾ* ਦੱਸਦਾ ਹੈ ਅਤੇ *ਸੇਵਾਵਾਂ* ਦੀ ਸੂਚੀ ਦਿੰਦਾ ਹੈ ਜੋ ਕਿ ਸਰਵਾਈਵਰ ਨੂੰ ਉਪਲਬਧ ਹੈ।

TVPA ਸਖਤੀ ਨਾਲ ਸਰਵਾਈਵਰ ਦੇ ਕਿਸਮਾਂ ਬਾਰੇ ਦੱਸਦਾ ਹੈ ਜੋ ਕਿ ਯੂ.ਐਸ. ਵਿੱਚ ਰਹਿਣ ਲਈ ਯੋਗ ਹਨ। **T Visa** ਲਈ ਯੋਗ ਹੋਣ ਲਈ, ਵੱਡੀ ਉਮਰ ਦੇ ਟਰੈਫਿਕਿੰਗ ਸਰਵਾਈਵਰ "ਗੰਭੀਰ ਕਿਸਮ ਦੀ ਟਰੈਫਿਕਿੰਗ" ਵਿੱਚ ਅੰਕਿਤ ਹੋਣਾ ਚਾਹੀਦਾ ਹੈ ਜਿਸ ਵਿੱਚ ਸ਼ਾਮਿਲ ਹੈ**:**

- ਜਬਰ, ਧੋਖੇ ਜਾਂ ਧਮਕੀ ਦੀ ਵਰਤੋਂ, ਅਤੇ
- ਅਣਇੱਛਤ ਮਜ਼ਦੂਰ ਚਾਕਰੀ ਜਾਂ ਅਣਇੱਛਤ ਸੈਕਸ ਕੰਮ

ਟਰੈਫਿਕਡ ਬੱਚੇ ਜਾਂ ਜਵਾਨ ਲਈ **ਛੋਟ:** 18 ਸਾਲ ਦੀ ਉਮਰ ਤੋਂ ਘੱਟ ਦਾ ਸਰਵਾਈਵਰ T Visa ਲਈ ਯੋਗ ਹੈ ਜੇ ਉਸਨੂੰ ਸੈਕਸ ਕੰਮ ਕਰਨ ਲਈ ਉਕਸਾਇਆ ਗਿਆ ਹੋਵੇ, *ਇਸ ਵਿਚਾਰ ਤੋਂ ਬਿਨਾ ਕਿ ਉਸਨੂੰ ਜਬਰ, ਧੋਖੇ ਜਾਂ ਧਮਕੀ ਅਧੀਨ* ਕਰਵਾਇਆ ਗਿਆ।

***U Visa*** ਉਹਨਾਂ ਟਰੈਫਿਕਿੰਗ ਸਰਵਾਈਵਰ ਨੂੰ ਉਪਲਬਧ ਹੈ ਜਿੰਨ੍ਹਾਂ ਨੇ**:**

- ਠੋਸ ਦੁਰਵਿਹਾਰ ਸਹਿਣ ਕੀਤਾ ਹੈ ਅਪਰਾਧੀ ਗਤੀਵਿਧੀ ਦੇ ਨਤੀਜੇ ਵਜੋਂ, ਅਤੇ
- ਜੁਰਮ ਦੀ ਛਾਣ-ਬੀਨ ਜਾਂ ਕਾਰਵਾਈ ਕਰਨ ਵਿੱਚ ਮਦਦਗਾਰ ਰਹੇ ਹਨ ਜਾਂ ਅਗੇ ਮਦਦਗਾਰ ਰਹਿਣਗੇ।

ਟਰੈਫਿਕਿੰਗ ਸਰਵਾਈਵਰਾਂ ਦੇ *ਰਿਸ਼ਤੇਦਾਰ* ਵੀ ਯੂ.ਐਸ. ਵਿੱਚ ਰਹਿਣ ਲਈ ਯੋਗ ਹੋ ਸਕਦੇ ਹਨ।

ਟਰੈਫਿਕਿੰਗ ਸਰਵਾਈਵਰ *ਸਿਹਤ ਅਤੇ ਮਨੁੱਖੀ ਸੇਵਾਵਾਂ* ਲਈ ਵੀ ਯੋਗ ਹੋ ਸਕਦੇ ਹਨ, ਰਿਫੂਜੀਆਂ ਵਰਗੀ ਮਿਆਰ ਦੇ।

## AALDEF

**ਔਰਤ ਅਤੇ ਜੁਆਨ ਟਰੈਫਿਕਿੰਗ ਸਰਵਾਈਵਰਾਂ ਦੇ ਹੱਕਾ ਨੂੰ ਵਧਾਉਣਾ :** ਇਹ ਪ੍ਰੋਜੈਕਟ ਟਰੈਫਿਕਡ ਔਰਤਾਂ ਅਤੇ ਜੁਆਨਾਂ ਨੂੰ ਕਾਨੂੰਨੀ ਨੁਮਾਇੰਦਗੀ ਉਪਲਬਧ ਕਰਾਉਣਾ ਹੈ, ਗੁਣਾਤਮਕ ਮਨੁੱਖੀ ਸੇਵਾਵਾਂ ਤਕ ਪਹੁੰਚ ਪੱਕਿਆਂ ਕਰਦੇ ਹੋਏ।

**AALDEF:** 1974 ਵਿੱਚ ਸਥਾਪਿਤ, ਏਸ਼ੀਅਨ ਅਮੀਰਕਨ ਲੀਗਲ ਡਿਫੈਂਸ ਐਂਡ ਐਡੁਕੇਸ਼ਨ ਫੰਡ (AALDEF) ਏਸ਼ੀਅਨ ਅਮਰੀਕਨਾਂ ਦੇ ਸਿਵਿਲ ਹੱਕਾਂ ਨੂੰ ਸੁਰੱਖਿਅਤ ਅਤੇ ਬੜਾਵਾ ਦਿੰਦੇ ਹਨ ਮੁਕੱਦਮੇ, ਵਕਾਲਤ ਅਤੇ ਇਮੀਗ੍ਰੇਂਟ ਹੱਕਾਂ, ਵੋਟਿੰਗ ਹੱਕਾਂ, ਆਰਥਿਕ ਨਿਆਂ, ਨਫ਼ਰਤ ਹਿੰਸਾ ਅਤੇ ਪੁਲਿਸ ਦੁਰਵਿਹਾਰ ਵਰਗੇ ਮੁੱਦਿਆਂ ਉਤੇ ਕੌਮੀ ਸਿੱਖਿਆ ਦੇ ਰਾਹੀਂ।

### ਹੋਰ ਸਬੰਧਤ AALDEF ਪ੍ਰੋਜੈਕਟ

**ਸਿੱਖਿਅਕ ਨਿਆਂ ਅਤੇ ਜੁਆਨਾਂ ਦੇ ਹੱਕ:** ਇਹ ਪ੍ਰੋਜੈਕਟ ਕੇਂਦ੍ਰਿਤ ਹੈ ਦੋ-ਭਾਸ਼ਾਈ ਸਿੱਖਿਆ, ਭਾਸ਼ਾ ਪਹੁੰਚ, ਏਸ਼ੀਅਨ ਵਿਰੋਧੀ ਹਿੰਸਾ ਦੀ ਪਬਲਿਕ ਸਕੂਲਾ ਵਿੱਚ ਪਹੁੰਚ, 9-11 ਦੇ ਬਾਅਦ ਅਤੇ ਗੈਂਗ ਤਸਵੀਰ, ਸਕੂਲ ਟੈਸਟਿੰਗ ਅਤੇ ਤਸਦੀਕੀ ਕਾਰਜ।

**ਲੋਕਲ ਇਮੀਗ੍ਰੇਸ਼ਨ ਪਾਲਣ ਪੈਹਲ ਦੇ ਵਿਰੁੱਧ ਬਚਾਓ:** ਇਹ ਪ੍ਰੋਜੈਕਟ ਚੁਨੌਤੀ ਦਿੰਦਾ ਹੈ ਇਮੀਗ੍ਰੇਸ਼ਨ ਕਾਨੂੰਨ ਪਾਲਣਾ ਨੂੰ, ਲੋਕਲ ਅਤੇ ਰਾਜ ਸਰਕਾਰੀ ਹੱਕ ਅਤੇ ਲੋਕਲ/ਰਾਜ ਉਲੰਘਣਾ ਇਮੀਗ੍ਰੇਂਟ ਦੇ ਹੱਕਾਂ ਦੀ, ਕੌਮੀ ਪ੍ਰਬੰਧ ਅਤੇ ਸਿੱਖਿਆ, ਸਿਧਾਂਤਕ ਵਕਾਲਤ ਅਤੇ ਮੁਕੱਦਮੇਬਾਜ਼ੀ ਦੇ ਰਾਹੀਂ।

ਕਾਨੂੰਨੀ ਪ੍ਰਸ਼ਨਾਂ ਲਈ,
ਸੰਪਰਕ -**Ivy O. Suriyopas,** ਇਕੁਵਲ ਜਸਟਿਸ ਵਰਕਰਸ ਫੈਲੋ , **212.966.5932 X 235** ਜਾਂ
**isuriyopas@aaldef.org**
ਸੰਪਰਕ ਸੰਪਰਕ ਮੇਬਲ ਟਸੂ **X 224**
ਜਾਂ **mtso@aaldef.org**

# ਔਰਤ ਅਤੇ ਜੁਆਨ ਟਰੈਫਿਕਿੰਗ ਸਰਵਾਈਵਰਾਂ ਦੇ ਹੱਕਾ ਨੂੰ ਅਗੇ ਲਿਉਨਾ ਜਾਂ ਸਾਮਣੇ ਲਿਉਨਾ

***ਏਸ਼ੀਅਨ ਅਮਰੀਕਨ ਲੀਗਲ ਡਿਫੈਂਸ ਐਂਡ ਐਡੁਕੇਸ਼ਨਲ ਫੰਡ***
*99 HUDSON STREET, 12th FL*
*NEW YORK, NY 10013-2815*
*ਫੋਨ 212.966.5932* *ਫੈਕਸ 212.966.4303*

*Trafficking-Punjabi*

## ਟਰੈਫਿਕਿੰਗ ਦੀ ਪਰਿਭਾਸ਼ਾ

ਟਰੈਫਿਕਿੰਗ ਹੈ ਝੂਠੇ ਦਿਲਾਸਿਆ ਦੀਆਂ ਨੌਕਿਰਿਆਂ, ਜਬਰਨ ਲੇ ਕੇ ਲੋਗਾ ਨੂੰ ਆਨਾ, ਜਬਰਨ ਲੋਗਾ ਨੂੰ ਬੰਦ ਕਰਕੇ ਰਖਨਾ, ਜਬਰ, ਧੋਖੇ ਜਾਂ ਧਮਕੀ ਰਾਹੀਂ, ਗੁਲਾਮੀ, ਜਬਰੀ ਮਜ਼ਦੂਰੀ ਜਾਂ ਜਬਰੀ ਵਿਆਹ ਵਿੱਚ ਸੋਸ਼ਣ ਜਾਂ ਵਪਾਰਕ ਉਦਯੋਗ (ਜਿਵੇਂ ਖੇਤੀ ਬਾੜੀ), ਉਤਪਾਦਨ, ਉਸਾਰੀ, ਰੇਸਤਰਾਂ ਦੇ ਕੰਮ, ਘਰੇਲੂ ਚਾਕਰੀ ਜਾਂ ਵਧਾਰਕ ਸੈਕਸ ਕਾਰਜ) ਵਿੱਚ ਸੋਸ਼ਣ

## ਇਕ ਸੰਭਾਵੀ ਟਰੈਫਿਕਿੰਗ ਸਰਵਾਈਵਰ ਨੂੰ ਪੁੱਛੇ ਜਾਣ ਵਾਲੇ ਪ੍ਰਸ਼ਨ

- ਕੀ ਤੁਸੀਂ ਯੂ.ਐਸ. ਵਿੱਚ ਇਕ ਨੌਕਰੀ ਜਾਂ ਮੰਤਵ ਲਈ ਆਏ ਸੀ, ਅਤੇ ਇਹ *ਬਾਅਦ* ਵਿੱਚ ਪਤਾ ਲੱਗਿਆ ਕਿ ਨੌਕਰੀ ਉਸ ਨਾਲੋ ਵੱਖ ਸੀ ਜਿਸ ਬਾਰੇ ਦੱਸਿਆ ਗਿਆ ਸੀ?
- ਕੀ ਤੁਹਾਨੂੰ ਜਬਰੀ ਕੰਮ ਕਰਨਾ ਪੈ ਰਿਹਾ ਹੈ- ਉਦਾਹਰਣ ਵਜੋਂ :
  - ਕਿਸੇ ਦੇ ਘਰ ਵਿੱਚ ਨੌਕਰ ਵਜੋਂ ?
  - ਕਿਸੇ ਫੈਕਟਰੀ, ਖੇਤ ਜਾਂ ਰੇਸਤਰਾਂ ਵਿੱਚ ਵਰਕਰ ਵਜੋਂ
  - ਸੈਕਸ ਵਰਕਰ ਵਜੋਂ
  - ਆਪਣੇ ਪਤੀ/ਪਤਨੀ ਲਈ ਘਰ ਦਾ ਕੰਮ ਕਰਨਾ
- ਤੁਸੀਂ *ਬਿਨਾ ਤਨਖਾਹ* ਦੇ ਕੰਮ ਕਰ ਰਹੇ ਹੋ?
- ਕੀ ਤੁਹਾਨੂੰ ਦੱਸਿਆ ਗਿਆ ਸੀ ਕਿ ਤੁਹਾਨੂੰ ਕੰਮ *ਕਰਕੇ ਆਪਣੇ ਕਰਜ਼ੇ ਲਾਹੁਣੇ* ਪੈਣਗੇ?
- ਕੀ ਤੁਹਾਨੂੰ ਘਰ ਛੱਡਣ, ਖਾਣ, ਸੌਣ ਜਾਂ ਬਾਥਰੂਮ ਜਾਣ ਲਈ *ਆਗਿਆ* ਲੈਣੀ ਪੈਂਦੀ ਹੈ?
- ਕੀ ਕਿਸੇ ਨੇ ਤੁਹਾਡਾ *ਪਾਸਪੋਰਟ* ਜਾਂ ਹੋਰ ਪਛਾਣ ਪੱਤਰ *ਲੈ ਲਏ ਹਨ*?
- ਕੀ ਤੁਹਾਨੂੰ ਜਾਂ ਤੁਹਾਡੇ ਪਰਿਵਾਰ ਨਾਲ ਦੁਰਵਿਹਾਰ ਜਾਂ *ਧਮਕੀਆਂ ਦਿੱਤੀਆਂ ਗਈਆਂ ਹਨ।*

## ਟਰੈਫਿਕਿੰਗ ਬਾਰੇ ਭੁਲੇਖੇ

- **ਟਰੈਫਿਕਿੰਗ ਸਮਗਲਿੰਗ ਤੋਂ ਵੱਖ ਹੈ।** ਸਮਗਲਿੰਗ ਅੰਤਰ-ਰਾਸ਼ਟਰੀ ਸੀਮਾ ਨੂੰ ਆਪਣੀ ਇੱਛਾ ਨਾਲ ਬਿਨਾ ਜਾਂਚ ਦੇ ਪਾਰ ਕਰਨਾ ਹੈ। ਜਦਕਿ ਇਮੀਗ੍ਰੇਟ ਜਿੰਨ੍ਹਾਂ ਨੂੰ ਯੂ.ਐਸ. ਵਿੱਚ ਸਮਗਲ ਕੀਤਾ ਜਾਂਦਾ ਹੈ, ਉਹਨਾਂ ਨੇ ਕਾਨੂੰਨ ਦੀ ਉਲੰਘਣਾ ਕੀਤੀ ਹੈ, ਉਹ ਲੋਕ ਜੋ ਯੂ.ਐਸ ਵਿੱਚ ਟਰੈਫਿਕਿੰਗ ਕੀਤੇ ਗਏ ਹਨ ਅਤੇ ਆਪਣੀ ਮਰਜ਼ੀ ਦੇ ਵਿਰੁੱਧ ਕੰਮ ਕਰਨ ਲਈ ਮਜਬੂਰ ਕੀਤੇ ਜਾਂਦੇ ਹਨ, ਉਹ *ਕਾਨੂੰਨ ਵਿੱਚ ਸੁਰੱਖਿਅਤ ਹਨ।*
- **ਟਰੈਫਿਕਿੰਗ ਦੀ ਘਰੇਲੂ ਹਿੰਸਾ ਨਾਲ ਸਮਾਨਤਾਵਾਂ ਹਨ।** ਟਰੈਫਿਕਿੰਗ ਸ਼ਰੀਰਕ ਜਾਂ ਮਾਨਸਿਕ ਦੁਰਵਿਹਾਰ ਰਾਹੀਂ ਪੀੜਤਾਂ ਉਤੇ ਕਾਬੂ ਪਾ ਲੈਂਦਾ ਹੈ। ਟਰੈਫਿਕਿੰਗ ਸਰਵਾਈਵਰ ਅਕਸਰ ਬਹੁਤ ਇਕੱਲੇ ਹੁੰਦੇ ਹਨ, ਅਣ-ਦਸਤਾਵੇਜ਼ੀ ਹੁੰਦੇ ਹਨ, ਭਾਸ਼ਾਈ ਅੜਚਨਾਂ ਦਾ ਸਾਹਮਣਾ ਕਰਦੇ ਹਨ, ਸਾਧਨਾਂ ਦੀ ਘਾਟ ਹੁੰਦੀ ਹੈ, ਸ਼ਕਤੀਹੀਣ ਮਹਿਸੂਸ ਕਰਦੇ ਹਨ ਅਤੇ ਅੱਗੇ ਆਉਣ ਦੇ ਨਿਸ਼ਾਨ ਤੋਂ ਡਰਦੇ ਹਨ।
- **ਟਰੈਫਿਕਿੰਗ ਵੱਧ ਹੈ ਵੇਸ਼ਵਾ ਜਾ ਹੋਰ ਸੈਕਸ ਕਾਰਜ ਦੇ ਲੋਕਾਂ ਤੋਂ।** ਟਰੈਫਿਕਿੰਗ ਸਰਵਾਈਵਰ ਫੈਕਟਰੀਆਂ, ਖੇਤਾਂ, ਰੇਸ਼ਤਰਾਂ, ਉਸਾਰੀ ਜਾਂ ਪ੍ਰਾਈਵੇਟ ਘਰਾਂ ਵਿੱਚ ਘਰੇਲੂ ਵਰਕਰ ਵਜੋ ਕੰਮ ਕਰਦੇ ਹਨ। ਹੋਰਨਾਂ ਨੂੰ ਅਪਰਾਧੀ ਗਤੀ ਵਿਧੀਆਂ ਵਿੱਚ ਉਕਸਾਈਆਂ ਜਾਂਦਾ ਹੈ ਜਾਂ ਜਬਰੀ ਵਿਆਹ ਵਿੱਚ ਪਾਇਆ ਜਾਂਦਾ ਹੈ।
- **ਟਰੈਫਿਕਿੰਗ ਸਰਵਾਈਵਰ ਯੂ**। ਐਸ ਨਾਗਰਿਕ ਹੋ ਸਕਦੇ ਹਨ। ਟਰੈਫਿਕਿੰਗ ਦੇ ਸਰਵਾਈਵਰਾਂ ਵਿੱਚ ਹਨ ਯੂ.ਐਸ ਦੇ ਸਥਾਈ ਨਿਵਾਸੀ, ਅਤੇ ਨਾਲ ਹੀ ਅਣ-ਦਸਤਾਵੇਜ਼ੀ ਇਮੀਗ੍ਰੈਂਟ।
- ਟਰੈਫਿਕਿੰਗ ਵਿੱਚ ਮਰਦ, ਔਰਤਾਂ ਅਤੇ ਬੱਚੇ ਸ਼ਾਮਿਲ ਹਨ। ਟਰੈਫਿਕਿੰਗ ਸਰਵਾਈਵਰ ਸਾਰੇ ਆਕਾਰਾਂ ਵਿੱਚ ਆਉਂਦੇ ਹਨ। ਟਰੈਫਿਕਡ ਵਿਅਕਤੀਆਂ ਵਿਚੋਂ ਅੱਧੇ ਬੱਚੇ ਹਨ, 80 ਫੀਸਦੀ ਟਰੈਫਿਕਿੰਗ ਸਰਵਾਈਵਰ ਔਰਤਾਂ ਹਨ।

## ਟਰੈਫਿਕਿੰਗ ਸਰਵਾਈਵਰਾਂ ਦੀ ਪਛਾਣ

ਕੋਈ ਵੀ ਟਰੈਫਿਕਿੰਗ ਸਰਵਾਈਵਰ ਹੋ ਸਕਦਾ ਹੈ ਜੇ ਹੇਠਾਂ ਦਿੱਤੇ ਵਿਚੋਂ ਇਕ ਜਾਂ ਵੱਧ ਸੱਚ ਹੋਣ :

- ਉਹ ਮਜ਼ਦੂਰ ਕਾਨੂੰਨ ਉਲੰਘਣਾ ਦਾ/ਦੀ ਪੀੜਿਤ ਹੈ।
- ਮਾਲਕ ਜਾਂ ਪਤੀ/ਪਤਨੀ ਨੇ ਉਸਦੇ ਪਰਿਵਾਰ ਨੂੰ ਧਮਕੀ ਦਿੱਤੀ ਹੈ।
- ਉਸ ਨਾਲ ਹਮੇਸ਼ਾ ਕੋਈ ਦੂਜਾ ਵਿਅਕਤੀ ਹੁੰਦਾ ਹੈ ਜੋ ਉਸਨੂੰ ਕਾਬੂ ਕਰਦਾ/ਕਰਦੀ ਦਿੱਸਦਾ/ਦਿੱਸਦੀ ਹੈ।
- ਉਸਦੀ ਕੋਈ ਪਛਾਣ ਨਜ਼ਰ ਨਹੀਂ ਪੈਂਦੀ।
- ਉਸਨੂੰ ਤਨਖਾਹ ਨਹੀਂ ਦਿੱਤੀ ਜਾਂਦੀ ਜਾਂ ਕਰਜੇ ਦੇ ਭੁਗਤਾਨ ਲਈ ਕੰਮ ਕਰ ਰਿਹਾ/ਰਹੀ ਹੈ।
- ਟਰੈਫਿਕਿੰਗ ਪੀੜਤਾਂ ਦੇ ਆਮ ਉਦਯੋਗ ਵਿੱਚ ਸ਼ਾਮਿਲ ਹੈ ਘਰੇਲੂ ਚਾਕਰੀ, ਹੋਟਲ ਜਾਂ ਟੂਰਿਸਟ ਕੰਮ, ਫੈਕਟਰੀ ਕਾਰਜ, ਰੇਸਤੌਰਾਂ ਸੇਵਾ, ਉਸਾਰੂ ਕਾਰੱਜ, ਸੈਕਸ ਵਰਕ, ਖੇਤੀ-ਬਾੜੀ ਜਾਂ ਮੱਛੀ ਫੜਨਾ।

## ਸਾਧਨ

- ਪੁਲਿਸ ਨੂੰ ਬੁਲਾਓ 911 ਉਤੇ ਫ਼ੋਨ ਕਰਕੇ
- AALDEF ਦੀ ਹੌਟਲਾਈਨ 1.800.966.5946 ਉਤੇ ਫ਼ੋਨ ਕਰੋ ਜਾਂ ਹੋਰਨਾ ਕਾਨੂੰਨੀ ਸੰਗਠਨਾਂ ਬਾਰੇ ਸਬੰਧਿਤ ਜਾਂ ਸੇਵਾਵਾਂ।
- ਯੂ.ਐਸ ਡਿਪਾਰਟਮੈਂਟ ਆਫ਼ ਜਸਟਿਸ ਨੂੰ ਫ਼ੋਨ ਕਰੋ, ਵਿਅਕਤੀ ਅਤੇ ਵਰਕਰ ਦੀ ਟਰੈਫਿਕਿੰਗ ਵਿੱਚ ਸੋਸ਼ਣ ਟਾਸਕ ਫੌਰਸ ਸਿਕਾਇਤ ਲਾਈਨ ਉਤੇ 1.888.428.7581.
- ਯੂ.ਐਸ ਡਿਪਾਰਟਮੈਂਟ ਆਫ ਹੈਲਥ ਐਂਡ ਹਿਊਮਨ ਸਰਵਿਸਿਸ ਨੂੰ ਫ਼ੋਨ ਕਰੋ, ਟਰੈਫਿਕਿੰਗ ਇਨਫੌਰਮੇਸ਼ਨ ਐਂਡ ਰੈਫਰਲ ਹੌਟਲਾਈਨ 1.888.3737.888 ਉਤੇ ਫ਼ੋਨ ਕਰਕੇ।